6/12 Oct 96.

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**ਸਾਹਿਤ ਤੇ ਲੋਕ :** ਘੋਲੀਆਂ ਕਲਾਂ ਪਿੰਡ ਵਿਚ 29 ਸਤੰਬਰ 1996 ਨੂੰ ਲੇਖਕ ਦਿਵਸ 'ਤੇ ਹੋਈ ਸਾਹਿਤਕ ਗੋਸ਼ਟੀ ਵਿਚ ਇਕ ਵਾਰੀ ਫੇਰ ਸਾਹਿਤ ਤੇ ਲੋਕਾਂ ਦੇ ਸਬੰਧ ਵਿਸ਼ੇ ਉਤੇ ਚਰਚਾ ਹੋਈ। ਪਿਛਲੇ ਸਾਲ ਪਲਸ ਮੰਚ ਵਲੋਂ ਲੇਖਕ ਦਿਵਸ 'ਤੇ ਇਹ ਨਾਅਰਾ ਉਚਾ ਕੀਤਾ ਗਿਆ ਸੀ ਕਿ ਸਾਹਿਤ ਲੋਕਾਂ ਤਕ ਪੁੱਜਦਾ ਕਰਨ ਲਈ ਉਪਰਾਲੇ ਕੀਤੇ ਜਾਣ। ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪਲਸ ਮੰਚ ਦੇ ਸਹਿਯੋਗ ਨਾਲ ਇਹ ਕੰਮ ਕੀਤਾ ਗਿਆ। ਲਾਗਤ ਕੀਮਤ 'ਤੇ ਸਾਹਿਤ ਲੋਕਾਂ ਤਕ ਕੋਈ 280 ਥਾਵਾਂ 'ਤੇ ਸਟਾਲ ਲਗਾ ਕੇ ਪੁਚਾਇਆ ਗਿਆ। ਇਸ ਸਾਲ ਦੇ ਸਮਾਗਮ ਵਿਚ ਭਾਵੇਂ ਰਾਤ ਨਾਟਕ ਸਮਾਗਮ 'ਤੇ ਲੋਕਾਂ ਦੀ ਭਰਪੂਰ ਭਾਗੀਦਾਰੀ ਹੋਈ ਪਰ ਸਾਹਿਤਕ ਸੈਸ਼ਨ ਵਿਚ ਪਿੰਡ ਦੇ ਲੋਕਾਂ ਦੀ ਭਾਗੀਦਾਰੀ ਨਾ ਹੋਣ ਦੇ ਬਰਾਬਰ ਸੀ। ਬਾਹਰੋਂ ਆਏ ਸਾਹਿਤਕਾਰ ਜ਼ਰੂਰ ਵੱਡੀ ਗਿਣਤੀ ਵਿਚ ਸਨ। ਇਸ ਮੁੱਦੇ 'ਤੇ ਵਿਚਾਰ ਕੀਤੀ ਗਈ ਕਿ ਲੋਕ ਸਾਹਿਤ ਨਾਲ ਕਿਸ ਤਰ੍ਹਾਂ ਜੁੜਣ? ਇਸ ਮੁੱਦੇ ਦਾ ਦੂਜਾ ਪਾਸਾ ਸੀ ਕਿ ਸਾਹਿਤ ਲੋਕਾਂ ਨਾਲ ਕਿਸ ਤਰ੍ਹਾਂ ਜੁੜੇ?

ਇਕ ਧਾਰਨਾ ਸੀ ਕਿ ਲੋਕ ਸਾਹਿਤ ਨਾਲ ਤਾਂ ਹੀ ਜੁੜ ਸਕਦੇ ਹਨ ਜੇ ਸਾਹਿਤ ਉਨ੍ਹਾਂ ਦੇ ਪੱਧਰ ਦਾ ਹੋਵੇ। ਉਨ੍ਹਾਂ ਨੂੰ ਸਮਝ ਆਉਣ ਵਾਲਾ ਹੋਵੇ। ਇਸ ਧਾਰਨਾ ਬਾਰੇ ਇਹ ਕਿੰਤੂ ਹੋਇਆ ਕਿ ਜੇ ਲੋਕਾਂ' ਦਾ ਸਾਹਿਤ ਦੀ ਪਛਾਣ ਬਾਰੇ ਪੱਧਰ ਨੀਵਾਂ ਹੈ ਤਾਂ ਫੇਰ ਕੀ ਸਾਹਿਤ ਦਾ ਪੱਧਰ ਵੀ ਨੀਵਾਂ ਕੀਤਾ ਜਾਏ? ਇਹ ਪਹੁੰਚ ਤਾਂ ਪੰਜਾਬੀ ਸਾਹਿਤ ਲਈ ਮਾਰੂ ਸਾਬਤ ਹੋਵੇਗੀ। ਸੁਝਾਅ ਦਿੱਤਾ ਗਿਆ ਕਿ ਲਗਾਤਾਰ ਕੋਸ਼ਿਸ਼ਾਂ ਨਾਲ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਵੇ ਕਿ ਸਾਹਿਤ ਦਾ ਇਕ ਮੁਹਾਵਰਾ ਹੁੰਦਾ ਹੈ। ਉਸ ਮੁਹਾਵਰੇ ਵਿਚ ਜੇਕਰ ਗੱਲ ਕੀਤੀ ਜਾਏ ਤਾਂ ਗੱਲ ਖ਼ੂਬਸੂਰਤ ਹੁੰਦੀ ਹੈ ਤੇ ਖ਼ੂਬਸੂਰਤ ਗੱਲ ਜ਼ਿੰਦਗੀ ਦੀ ਸਮੁੱਚੀ ਖ਼ੂਬਸੂਰਤੀ ਨੂੰ ਵਧਾਉਂਦੀ ਹੈ। ਸਾਹਿਤਕ ਮੁਹਾਵਰੇ ਦੀ ਪਹਿਚਾਣ ਲੋਕਾਂ ਨੂੰ ਕਰਵਾਈ ਜਾਏ ਨਾ ਕਿ ਸਾਹਿਤ ਨੂੰ ਲੋਕਾਂ ਦੀ ਪੱਧਰ 'ਤੇ ਲਿਆਉਣ ਦੇ ਯਤਨ ਵਿਚ ਸਾਹਿਤ ਦੀ ਵਿਸ਼ੇਸ਼ਤਾ ਮੁਕਾਈ ਜਾਏ ਤੇ ਇਸ ਨੂੰ ਗੈਰ-ਸਾਹਿਤ ਦੇ ਦਰਜੇ 'ਤੇ ਲਿਆਂਦਾ ਜਾਏ। ਇਹ ਧਾਰਨਾ ਵੀ ਉਭਰ ਕੇ ਆਈ ਕਿ ਇਹ ਗੱਲ ਸਾਹਿਤਕਾਰਾਂ 'ਤੇ ਛੱਡ ਦਿੱਤੀ ਜਾਏ ਕਿ ਉਹ ਕਿਹੋ ਜਿਹਾ ਸਾਹਿਤ ਰਚਣ। ਸਾਹਿਤਕਾਰਾਂ ਨੂੰ ਸੁਝਾਅ ਤਾਂ ਦਿੱਤਾ ਜਾ ਸਕਦਾ ਹੈ ਪਰ ਆਦੇਸ਼ ਨਹੀਂ ਦਿੱਤਾ ਜਾ ਸਕਦਾ ਕਿ ਉਹ ਕਿਸ ਕਿਸਮ ਦੇ ਸਾਹਿਤ ਦੀ ਰਚਨਾ ਕਰਨ। ਸਾਹਿਤਕਾਰ ਨੂੰ ਆਪਣੀ ਕ੍ਰਿਤ 'ਤੇ ਖ਼ੁਸ਼ੀ ਤੇ ਤਸੱਲੀ ਮਿਲਣੀ ਚਾਹੀਦੀ ਹੈ ਤੇ ਇਹ ਹੁਕਮ ਥੱਲੇ ਰਚੇ ਸਾਹਿਤ ਰਾਹੀਂ ਨਹੀਂ ਮਿਲ ਸਕਦੀ। ਲੋਕਾਂ ਨੂੰ ਵੀ ਸਾਹਿਤ ਦੀ ਪਛਾਣ ਕਰਨ ਦੀ ਜਾਚ ਆਉਣੀ ਚਾਹੀਦੀ ਹੈ। ਸਾਹਿਤਕ ਮੁਹਾਵਰੇ ਨੂੰ ਸਮਝਣ ਲਈ ਦਿਮਾਗ 'ਤੇ ਥੋੜ੍ਹਾ ਜਿਹਾ ਭਾਰ ਪਾਉਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ ਪਾਸ਼ ਦੀ ਕਲਾਸਕੀ ਕਵਿਤਾ 'ਯੁੱਧ' ਲੋਕ ਥੋੜ੍ਹੀ ਜਿਹੀ ਕੋਸ਼ਿਸ਼ ਨਾਲ ਹੀ ਸਮਝ ਸਕਦੇ ਹਨ। ਲੇਖਕ ਸਭਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਲੋਕਾਂ ਨੂੰ ਸਾਹਿਤ ਦਾ ਸਵਾਦ ਮਾਨਣ ਲਈ ਥੋੜ੍ਹੀ ਬਹੁਤ ਸਿਖਲਾਈ ਵੀ ਦੇਣ। ਆਪਣੀਆਂ ਸਰਗਰਮੀਆਂ ਇਕ ਦੂਜੇ ਦੀਆਂ ਰਚਨਾਵਾਂ ਸੁਣਨ ਜਾਂ ਸੁਣਾਉਣ 'ਤੇ ਹੀ ਨਾ ਮਹਿਦੂਦ ਰੱਖਣ। ਪਹਿਲੇ ਵਕਤਾਂ ਵਿਚ ਵੀ ਲੋਕ ਕਵਿਤਾ ਸੁਣਦੇ ਸਨ। ਦਾਦ ਵੀ ਦਿੰਦੇ ਸਨ। ਸੰਕੇਤਾਂ ਵਿਚ ਕਹੀ ਬਾਤ ਵੀ ਸੁਣਦੇ ਸਨ। ਟਿੱਪਣੀ ਵੀ ਕਰਦੇ ਸਨ - 'ਬਾਤ ਬਣੀ ਨਹੀਂ' ਜਾਂ 'ਬਾਤ ਬੜੀ ਡੂੰਘੀ ਸੀ।' ਡੂੰਘੀ ਬਾਤ ਬਾਰੇ ਪ੍ਰਸੰਸਾ ਦੇ ਰੌਅ ਵਿਚ ਟਿੱਪਣੀ ਹੁੰਦੀ ਸੀ। ਅੱਜ ਦੇ ਸਾਹਿਤ 'ਤੇ ਵੀ ਇਹ ਗੱਲ ਲਾਗੂ ਹੁੰਦੀ ਹੈ। ਲੋਕਾਂ ਨੂੰ ਸਾਹਿਤ ਦੇ ਨੇੜੇ ਲਿਆਉਣ ਦਾ ਯਤਨ ਹੋਣਾ ਚਾਹੀਦਾ ਹੈ। ਇਸ ਦੇ ਲਈ ਜ਼ਰੂਰੀ ਨਹੀਂ ਕਿ ਸਾਹਿਤ ਦਾ ਲੋਕਾਂ ਦੇ ਪੱਧਰ ਤਕ ਸਾਧਾਰਨੀਕਰਨ ਜਾਂ ਸਰਲੀਕਰਨ ਕੀਤਾ ਜਾਏ। ਸਗੋਂ ਲੋਕਾਂ ਦੇ ਸੁਹਜ ਸਵਾਦ ਨੂੰ ਉਚਾ ਚੁੱਕਿਆ ਜਾਏ। ਪਲਸ ਮੰਚ ਨੇ ਘੋਲੀਆਂ ਕਲਾਂ ਨੂੰ ਸਾਹਿਤਕ ਅੰਦੋਲਨ ਲਈ ਅਪਣਾਇਆ ਹੈ। ਪਿਛਲੇ ਦੋ ਸਾਲਾਂ ਦੇ ਤਜਰਬੇ ਤੋਂ ਅੱਗੇ ਲਈ ਸੇਧ ਕੱਢੀ ਜਾ ਸਕੇਗੀ। ਹਰ ਸਾਲ ਲੇਖਕ ਦਿਵਸ 'ਤੇ ਘੋਲੀਆਂ ਕਲਾਂ ਵਿਖੇ ਸਾਹਿਤਕ ਸਮਾਗਮ ਕਰਨ ਦਾ ਫੈਸਲਾ ਲਿਆ ਗਿਆ ਹੈ। ਡਾ. ਸੁਰਜੀਤ ਬਰਾੜ, ਸੁਰਜੀਤ ਗਿੱਲ, ਨਰਿੰਦਰ ਸ਼ਰਮਾ, ਜੋ ਇਸ ਪਿੰਡ ਦੇ ਸਾਹਿਤਕਾਰ ਹਨ, ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਦ੍ਰਿੜ੍ਹ ਹਨ।

**ਸ਼ਾਹਕਾਰ ਗੀਤ ਦੀ ਸ਼ਾਹਕਾਰ ਕੋਰੀਓਗਰਾਫੀ :** ਅਮਰਦੀਪ ਗਿੱਲ ਦਾ ਗੀਤ 'ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਐ? ਕੁੜੀਆਂ ਤਾਂ ਚਿੜੀਆਂ ਨੇ ਚਿੜੀਆਂ ਦਾ ਕੀ ਐ? ਜੋ ਹੰਸ ਰਾਜ ਹੰਸ ਨੇ ਗਾਇਆ ਹੈ, ਇਕ ਸ਼ਾਹਕਾਰ ਗੀਤ ਹੈ ਤੇ ਸਾਹਿਤਕ ਗੀਤਾਂ ਦੀ ਇਕ ਉਘੜਵੀਂ ਮਿਸਾਲ ਹੈ। ਇਸ ਗੀਤ ਦੀ ਕੋਰੀਓਗ੍ਰਾਫੀ ਪਲਸ ਮੰਚ ਅਤੇ ਦੇਸ਼ ਭਗਤ ਯਾਦਗਾਰ ਸਭਿਆਚਾਰਕ ਮੰਚ ਵਲੋਂ ਬਠਿੰਡਾ ਵਿਚ ਕੀਤੇ ਗਏ 28 ਸਤੰਬਰ, 1996 ਦੇ ਸਭਿਆਚਾਰਕ ਮੇਲੇ 'ਤੇ ਪੇਸ਼ ਕੀਤੀ ਗਈ। ਚੇਤਨਾ ਕਲਾ ਮੰਚ ਚਮਕੌਰ ਸਾਹਿਬ ਵਲੋਂ ਕੁਮਾਰ ਪਵਨਦੀਪ ਦੀ ਨਿਰਦੇਸ਼ਨਾ ਥੱਲੇ ਇਹ ਪੇਸ਼ਕਾਰੀ ਪੰਜਾਬ ਦੀ ਸਟੇਜ ਦੀ ਸਾਲ 1996 ਦੀ ਇਕ ਹੋਰ ਪ੍ਰਾਪਤੀ ਕਹੀ ਜਾ ਸਕਦੀ ਹੈ। ਗੀਤ ਦੇ ਬੋਲ ਜਦੋਂ ਇਸ ਪੜਾਅ 'ਤੇ ਪੁੱਜਦੇ ਹਨ 'ਬਲੀ ਦਹੇਜ ਦੀ ਚੜ੍ਹੀਆਂ ਨੇ ਕੁੜੀਆਂ, ਇਕ ਨਹੀਂ ਇਥੇ ਬੜੀਆਂ ਨੇ ਕੁੜੀਆਂ, ਆਪਣੇ ਸਿਰ ਦਿਆਂ ਸਾਈਆਂ ਦੇ ਹੱਥੋਂ, ਵਿਚ ਤੰਦੂਰਾਂ ਦੇ ਸੜੀਆਂ ਨੇ ਕੁੜੀਆਂ, ਤਾਂ ਸੁਚੱਜੀ ਤੰਦੂਰ ਦੀ ਡਿਜ਼ਾਈਨਿੰਗ ਤੇ ਉਸ ਵਿਚ ਸੜਦੀ ਕੁੜੀ ਦੀ ਭੂਮਿਕਾ ਵਿਚ ਪਲਸ ਮੰਚ ਦੀ ਸਨਮਾਨਿਤ ਅਦਾਕਾਰਾ, ਅਨੀਤਾ ਨੇ ਜੋ ਅਦਾਕਾਰੀ ਦਾ ਕਮਾਲ ਪੇਸ਼ ਕੀਤਾ, ਉਹ ਮਿਸਾਲੀ ਸੀ। ਇਹ ਗੀਤ ਲਿਖਣ ਲਈ ਅਮਰਦੀਪ ਗਿੱਲ, ਗਾਉਣ ਲਈ ਹੰਸ ਰਾਜ ਹੰਸ, ਮੰਚ 'ਤੇ ਪੇਸ਼ਕਾਰੀ ਲਈ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਦੇ ਸਮੂਹ ਕਲਾਕਾਰ ਅਤੇ ਨਿਰਦੇਸ਼ਨਾ ਲਈ ਕੁਮਾਰ ਪਵਨਦੀਪ ਬਹੁਤ ਬਹੁਤ ਵਧਾਈ ਦੇ ਪਾਤਰ ਹਨ।

6-10-1996